ਮਾਪਕ/ਮੈਂ/ਪਰੀਖਿਆ

[redacted] (ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀਆਂ ਲਈ)

ਸ਼੍ਰੇਣੀ ਦਸਵੀਂ

ਪੰਜਾਬੀ (ਪੇਪਰ-ਬੀ)

ਪਾਠ-ਕ੍ਰਮ

ਪ੍ਰਸ਼ਨ: 1 ਸੁੰਦਰ ਲਿਖਾਈ ਲਈ 5 ਅੰਕ

ਪ੍ਰਸ਼ਨ : 2 ਤੋਂ 16 ਵਿਆਕਰਨ ਭਾਗ ਵਿੱਚੋਂ ਵਸਤੂਨਿਸ਼ਠ ਕਿਸਮ (Objective Type) ਦੇ ਵੱਖ-ਵੱਖ ਪ੍ਰਸ਼ਨ ਹੋਣਗੇ।

ਪ੍ਰਸ਼ਨ : 17 ਲੇਖ:

(ੳ) ਜੀਵਨੀਆਂ-ਮਹਾਂਪੁਰਖਾਂ/ਦੇਸ਼-ਭਗਤਾਂ/ਇਤਿਹਾਸਕ ਅਤੇ ਸਾਹਿਤਿਕ ਵਿਅਕਤੀਆਂ ਦੀਆਂ ਜੀਵਨੀਆਂ।

(ਅ) ਪੇਂਡੂ ਅਤੇ ਸ਼ਹਿਰੀ ਜੀਵਨ ਦੀਆਂ ਸਮੱਸਿਆਵਾਂ (ਸਮਾਜਿਕ, ਆਰਥਿਤ ਅਤੇ ਸਿਹਤ ਨਾਲ ਸਬੰਧਿਤ)।

(ੲ) ਮੇਲੇ/ਤਿਉਹਾਰ ਅਤੇ ਸੱਭਿਆਚਾਰਿਕ ਪੱਖਾਂ ਨਾਲ ਸਬੰਧਿਤ।

(ਸ) ਵਿਦਿਆਰਥੀ ਜੀਵਨ ਦੇ ਪੱਖ/ਯਾਤਰਾਵਾਂ ਨਾਲ ਸਬੰਧਿਤ।

(ਹ) ਵਿਗਿਆਨ ਅਤੇ ਵਿਗਿਆਨਿਕ ਚੇਤਨਾ ਨਾਲ ਸਬੰਧਿਤ।

ਪ੍ਰਸ਼ਨ : 18 ਚਿੱਠੀਆਂ/ਪੱਤਰ : ਨਿੱਜੀ; ਮਿੱਤਰਾਂ/ਸਹੇਲੀਆਂ, ਰਿਸ਼ਤੇਦਾਰਾਂ ਅਤੇ ਮਾਪਿਆਂ ਨੂੰ।

ਅਰਜ਼ੀਆਂ : ਸਰਕਾਰੀ/ਅਰਧ-ਸਰਕਾਰੀ/ ਪ੍ਰਾਈਵੇਟ, ਅਦਾਰਿਆਂ ਨਾਲ ਸਬੰਧਿਤ।

ਪ੍ਰਸ਼ਨ : 19 ਸ਼ਬਦ-ਭੇਦ: ਨਾਂਵ, ਪੜਨਾਂਵ, ਕਿਰਿਆ, ਵਿਸ਼ੇਸ਼ਣ, ਕਿਰਿਆ-ਵਿਸ਼ੇਸ਼ਣ, ਸੰਬੰਧਕ, ਯੋਜਕ ਅਤੇ ਵਿਸਮਕ ਦੀਆਂ ਪਰਿਭਾਸ਼ਾਵਾਂ ਉਦਾਹਰਨਾਂ ਸਮੇਤ।

ਪ੍ਰਸ਼ਨ : 20 ਅਣਡਿੱਠਾ ਪੈਰਾ : ਨਿਯਤ ਪਾਠ-ਪੁਸਤਕ ਦੇ ਬਾਹਰੋਂ ਦਿੱਤੇ ਪੈਰੇ ਵਿੱਚੋਂ ਪ੍ਰਸ਼ਨ ਪੁੱਛਣੇ।

ਪ੍ਰਸ਼ਨ : 21 ਅਰਥ-ਬੋਧ : ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਅਤੇ ਸਮਾਨਾਰਥੀ ਸ਼ਬਦ।

ਨਿਰਧਾਰਿਤ ਪਾਠ ਪੁਸਤਕ :

1) ਆਧੁਨਿਕ ਪੰਜਾਬੀ ਵਿਆਕਰਨ ਅਤੇ ਲੇਖ ਰਚਨਾ
   (ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਪ੍ਰਕਾਸ਼ਿਤ)

ਜਮਾਤ-ਦਸਵੀਂ

ਪੰਜਾਬੀ-ਬੀ

[redacted]

ਸਮਾਂ: 3 ਘੰਟੇ

ਲਿਖਤੀ=65 ਅੰਕ

ਆਂਤਰਿਕ ਮੁਲਾਂਕਣ=10 ਅੰਕ

[redacted]

ਕੁੱਲ ਅੰਕ=75

ਵਿਲੱਖਣ ਸਮਰੱਥਾ ਵਾਲੇ ਵਿਦਿਆਰਥੀਆਂ ਲਈ

**ਪ੍ਰਸ਼ਨ ਪੱਤਰ ਬਣਾਉਣ ਸਬੰਧੀ ਪੇਪਰ-ਸੈਟਰ ਲਈ ਵਿਸ਼ੇਸ਼ ਹਦਾਇਤਾਂ:**

ਪ੍ਰਸ਼ਨ:1 ਸੁੰਦਰ ਲਿਖਾਈ ਲਈ 5 ਅੰਕ ਨਿਰਧਾਰਿਤ ਹਨ ਜੋ ਕਿ ਪ੍ਰਸ਼ਨ-ਪੱਤਰ ਦੇ ਕੁੱਲ 65 ਅੰਕਾਂ ਵਿੱਚ ਹੀ ਸ਼ਾਮਲ ਹਨ। 5 ਅੰਕ

ਪ੍ਰਸ਼ਨ 2 ਤੋਂ 16 ਵਿਆਕਰਨ ਭਾਗ ਵਿੱਚੋਂ ਵਸਤੂਨਿਸ਼ਠ ਕਿਸਮ (Objective type) ਦੇ ਪ੍ਰਸ਼ਨ ਪੁੱਛੇ ਜਾਣਗੇ।

ਇਹਨਾਂ ਪ੍ਰਸ਼ਨਾਂ ਵਿੱਚੋਂ:-

ਬਹੁਚੋਣਵੇਂ-5 ਪ੍ਰਸ਼ਨ

ਖਾਲੀ ਥਾਂਵਾ-5 ਪ੍ਰਸ਼ਨ

ਠੀਕ/ਗਲਤ-5 ਪ੍ਰਸ਼ਨ ਹੋਣਗੇ। 15X2=30 ਅੰਕ

ਪ੍ਰਸ਼ਨ 17 ਦੋ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਦੀ ਰੂਪ-ਰੇਖਾ ਅਨੁਸਾਰ ਖਾਲੀ ਥਾਂਵਾਂ ਭਰ ਕੇ ਦੁਬਾਰਾ ਲਿਖਣ ਲਈ ਕਿਹਾ ਜਾਵੇਗਾ। 8 ਅੰਕ

ਪ੍ਰਸ਼ਨ 18 ਕੋਈ ਦੋ ਵਿਸ਼ੇ ਦੇ ਕੇ ਕਿਸੇ ਇੱਕ ਤੇ ਪੱਤਰ/ਅਰਜ਼ੀ ਲਿਖਣ ਲਈ ਕਿਹਾ ਜਾਵੇਗਾ, ਅਰੰਭ ਦੇ 2 ਅੰਕ, ਮੱਧ ਦੇ 4 ਅੰਕ ਅਤੇ ਅੰਤ ਦਾ 1 ਅੰਕ ਹੋਵੇਗਾ। 2+4+1=7 ਅੰਕ

ਪ੍ਰਸ਼ਨ 19 ਇਸ ਪ੍ਰਸ਼ਨ ਵਿੱਚ ਦੋ ਜਾਂ ਤਿੰਨ ਸ਼ਬਦ-ਭੇਦ ਦੇ ਕੇ ਕਿਸੇ ਇੱਕ ਦੀ ਪਰਿਭਾਸ਼ਾ ਅਤੇ ਉਦਾਹਰਨਾਂ ਪੁੱਛੀਆਂ ਜਾਣਗੀਆਂ।

(ਨਾਂਵ, ਪੜਨਾਂਵ, ਵਿਸ਼ੇਸ਼ਣ, ਕਿਰਿਆ-ਵਿਸ਼ੇਸ਼ਣ, ਸੰਬੰਧਕ, ਯੋਜਕ ਅਤੇ ਵਿਸਮਕ ਦੀਆਂ ਪਰਿਭਾਸ਼ਾਵਾਂ ਉਦਾਹਰਨਾਂ ਸਮੇਤ) 5 ਅੰਕ

ਪ੍ਰਸ਼ਨ 20 ਨਿਯਤ ਪਾਠ-ਪੁਸਤਕਾਂ ਤੋਂ ਬਾਹਰੋਂ ਲਗ-ਪਗ 150 ਸ਼ਬਦਾਂ ਦਾ ਪੈਰਾ ਦੇ ਕੇ ਉਸ ਦੇ ਵਿਸ਼ਾ-ਵਸਤੂ ਬਾਰੇ ਤਿੰਨ ਪ੍ਰਸ਼ਨ ਪੁੱਛੇ ਜਾਣਗੇ। 2+2+2=6 ਅੰਕ

ਪ੍ਰਸ਼ਨ 21 (ੳ) ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਲਿਖਣ ਲਈ ਕਿਹਾ ਜਾਵੇਗਾ।

(ਅ) ਦੋ ਸ਼ਬਦਾਂ ਚੋਂ ਕਿਸੇ ਇੱਕ ਸ਼ਬਦ ਦੇ ਕੋਈ ਦੋ ਸਮਾਨਾਰਥੀ ਸ਼ਬਦ ਲਿਖਣ ਲਝ. ਕਿਹਾ ਜਾਵੇਗਾ।

2+2+=4 ਅੰਕ